UK Health Security Agency

NHS

# MenB ਟੀਕਾਕਰਨ ਤੋਂ ਬਾਅਦ ਬੁਖਾਰ ਨੂੰ ਰੋਕਣ ਅਤੇ ਇਲਾਜ ਕਰਨ ਲਈ ਪੈਰਾਸੀਟਾਮੋਲ ਦੀ ਵਰਤੋਂ

## ਮੇਰੇ ਬੱਚੇ ਨੂੰ ਹੁਣੇ ਹੀ MenB ਵੈਕਸੀਨ ਲੱਗੀ ਹੈ, ਮੈਨੂੰ ਹੁਣ ਕੀ ਉਮੀਦ ਕਰਨੀ ਚਾਹੀਦੀ ਹੈ?

ਕਿਸੇ ਵੀ ਟੀਕਾਕਰਨ ਤੋਂ ਬਾਅਦ ਬੁਖਾਰ ਦੀ ਉਮੀਦ ਕੀਤੀ ਜਾ ਸਕਦੀ ਹੈ, ਪਰ ਜਦੋਂ MenB ਵੈਕਸੀਨ (ਬੈਕਸਸੇਰੋ) 8 ਅਤੇ 12 ਮਹੀਨਿਆਂ 'ਤੇ ਹੋਰ ਰੁਟੀਨ ਟੀਕਿਆਂ ਦੇ ਨਾਲ ਦਿੱਤੀ ਜਾਂਦੀ ਹੈ ਤਾਂ ਇਹ ਵਧੇਰੇ ਆਮ ਹੁੰਦਾ ਹੈ। ਪੈਰਾਸੀਟਾਮੋਲ ਤੋਂ ਬਿਨਾਂ, ਇਹਨਾਂ ਟੀਕਿਆਂ ਤੋਂ ਬਾਅਦ ਅੱਧੇ ਤੋਂ ਵੱਧ ਬੱਚਿਆਂ ਨੂੰ ਬੁਖਾਰ ਹੋ ਜਾਵੇਗਾ। ਬੁਖਾਰ ਟੀਕਾਕਰਨ ਤੋਂ ਲਗਭਗ 6 ਘੰਟਿਆਂ ਬਾਅਦ ਸਿਖਰ 'ਤੇ ਪਹੁੰਚ ਜਾਂਦਾ ਹੈ ਅਤੇ ਲਗਭਗ ਹਮੇਸ਼ਾ 2 ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ। ਬੁਖਾਰ ਦਰਸਾਉਂਦਾ ਹੈ ਕਿ ਬੱਚੇ ਦੀ ਸਰੀਰ ਰੱਖਿਆ ਪ੍ਰਣਾਲੀ ਵੈਕਸੀਨ ਨਾਲ ਪ੍ਰਤੀਕਿਰਿਆ ਕਰ ਰਹੀ ਹੈ, ਹਾਲਾਂਕਿ ਬੁਖਾਰ ਦਾ ਪੱਧਰ ਹਰੇਕ ਬੱਚੇ 'ਤੇ ਨਿਰਭਰ ਕਰੇਗਾ ਅਤੇ ਬੁਖਾਰ ਇਹ ਨਹੀਂ ਦਰਸਾਉਂਦਾ ਹੈ ਕਿ ਵੈਕਸੀਨ ਤੁਹਾਡੇ ਬੱਚੇ ਦੀ ਕਿੰਨੀ ਚੰਗੀ ਤਰ੍ਹਾਂ ਸੁਰੱਖਿਆ ਕਰੇਗੀ।

## ਮੈਂ ਬੁਖ਼ਾਰ ਦੇ ਜੋਖਮ ਨੂੰ ਕਿਵੇਂ ਘਟਾ ਸਕਦਾ/ਦੀ ਹਾਂ?

ਟੀਕਾਕਰਨ ਤੋਂ ਤੁਰੰਤ ਬਾਅਦ ਪੈਰਾਸੀਟਾਮੋਲ ਦੇਣਾ - ਅਤੇ ਬੁਖਾਰ ਹੋਣ ਦੀ ਉਡੀਕ ਨਾ ਕਰਨਾ - ਤੁਹਾਡੇ ਬੱਚੇ ਨੂੰ ਬੁਖਾਰ ਹੋਣ ਦੇ ਜੋਖਮ ਨੂੰ ਘਟਾ ਦੇਵੇਗਾ। ਪੈਰਾਸੀਟਾਮੋਲ ਨਾਲ, 5 ਵਿੱਚੋਂ 1 ਤੋਂ ਘੱਟ ਬੱਚਿਆਂ ਨੂੰ ਬੁਖਾਰ ਹੋਵੇਗਾ ਅਤੇ ਇਨ੍ਹਾਂ ਵਿਚੋਂ ਲਗਭਗ ਸਾਰੇ ਮਾਮਲੇ ਹਲਕੇ (39° ਸੈਲਸੀਅਸ ਤੋਂ ਘੱਟ) ਬੁਖਾਰ ਦੇ ਹਨ। ਪੈਰਾਸੀਟਾਮੋਲ ਤੁਹਾਡੇ ਬੱਚੇ ਦੇ ਚਿੜਚਿੜੇ ਹੋਣ ਜਾਂ ਬੇਅਰਾਮ (ਜਿਵੇਂ ਕਿ ਟੀਕੇ ਦੀ ਥਾਂ 'ਤੇ ਦਰਦ) ਹੋਣ ਦੀ ਸੰਭਾਵਨਾ ਨੂੰ ਵੀ ਘਟਾ ਦੇਵੇਗਾ।

## ਮੈਨੂੰ ਕਿਹੜਾ ਪੈਰਾਸੀਟਾਮੋਲ ਉਤਪਾਦ ਵਰਤਣਾ ਚਾਹੀਦਾ ਹੈ?

ਤੁਹਾਨੂੰ ਮੂੰਹ ਰਾਹੀਂ ਲਏ ਜਾਣ ਵਾਲੇ **ਬੱਚਿਆਂ ਦੇ ਪੈਰਾਸੀਟਾਮੋਲ ਸਸਪੈਂਸ਼ਨ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਕਿਸਮ ਦਾ ਪੈਰਾਸੀਟਾਮੋਲ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਵਰਤਣ ਲਈ ਤਰਲ ਰੂਪ ਵਿੱਚ ਆਉਂਦਾ ਹੈ। ਇਸਦੀ ਤਾਕਤ 120mg/5ml ਹੈ।**

ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਹੀ ਘਰ ਵਿੱਚ ਬੱਚਿਆਂ ਲਈ ਵਰਤਿਆ ਜਾਣ ਵਾਲਾ ਪੈਰਾਸੀਟਾਮੋਲ ਸਸਪੈਂਸ਼ਨ ਨਹੀਂ ਹੈ, ਤਾਂ ਤੁਹਾਨੂੰ ਆਪਣੀ ਸਥਾਨਕ ਫਾਰਮੇਸੀ ਜਾਂ ਸੁਪਰਮਾਰਕੀਟ ਤੋਂ ਇਹ ਲੈਣਾ ਚਾਹੀਦਾ ਹੈ ਤਾਂ ਜੋ ਤੁਸੀਂ ਟੀਕਾਕਰਨ ਦੇ ਇੱਕ ਘੰਟੇ ਦੇ ਅੰਦਰ ਪੈਰਾਸੀਟਾਮੋਲ ਦੀ ਪਹਿਲੀ ਖੁਰਾਕ ਦੇ ਸਕੋ। ਇੱਥੇ ਚੁਣਨ ਲਈ ਕਈ ਉਤਪਾਦ ਹਨ (ਬੋਤਲਾਂ ਅਤੇ ਸੈਸ਼ਿਆਂ ਸਮੇਤ) ਪਰ ਜਿਸ ਕਿਸਮ ਦੀ ਲੋੜ ਹੈ ਉਹ ਬੱਚਿਆਂ ਦਾ ਪੈਰਾਸੀਟਾਮੋਲ ਸਸਪੈਂਸ਼ਨ 120mg/5ml ਹੈ।

(ਨੋਟ: ਜੂਨੀਅਰ ਪੈਰਾਸੀਟਾਮੋਲ (6 ਪਲੱਸ) ਬੱਚਿਆਂ ਲਈ ਵਰਤੇ ਜਾਣ ਵਾਲੇ ਪੈਰਾਸੀਟਾਮੋਲ (250mg/5ml) ਨਾਲੋਂ ਤਾਕਤਵਰ ਹੈ ਅਤੇ ਬੱਚਿਆਂ ਵਿੱਚ ਨਹੀਂ ਵਰਤਿਆ ਜਾਣਾ ਚਾਹੀਦਾ।)

## ਮੈਨੂੰ ਕਿਹੜੇ ਟੀਕਾਕਰਨਾਂ ਤੋਂ ਬਾਅਦ ਆਪਣੇ ਬੱਚੇ ਨੂੰ ਪੈਰਾਸੀਟਾਮੋਲ ਦੇਣੀ ਚਾਹੀਦੀ ਹੈ?

MenB ਟੀਕਾਕਰਨਾਂ ਤੋਂ ਬਾਅਦ ਤੁਹਾਡੇ ਬੱਚੇ ਲਈ ਪੈਰਾਸੀਟਾਮੋਲ ਦੀ ਸਲਾਹ ਦਿੱਤੀ ਜਾਂਦੀ ਹੈ। MenB ਵੈਕਸੀਨ ਆਮ ਤੌਰ 'ਤੇ ਤੁਹਾਡੇ ਬੱਚੇ ਦੇ ਟੀਕਾਕਰਨ ਦੀ ਪਹਿਲੀ ਅਤੇ ਦੂਜੀ ਮੁਲਾਕਾਤ 'ਤੇ 8 ਅਤੇ 12 ਹਫ਼ਤਿਆਂ ਦੀ ਉਮਰ ਵਿੱਚ ਦਿੱਤੀ ਜਾਂਦੀ ਹੈ।

12 ਮਹੀਨਿਆਂ ਦੀ ਉਮਰ ਵਿੱਚ ਦਿੱਤੇ ਗਏ MenB ਬੂਸਟਰ ਵੈਕਸੀਨ ਤੋਂ ਬਾਅਦ ਪੈਰਾਸੀਟਾਮੋਲ ਦੀ ਨਿਯਮਤ ਤੌਰ 'ਤੇ ਲੋੜ ਨਹੀਂ ਹੁੰਦੀ ਹੈ। ਇਸ ਉਮਰ ਤੱਕ ਬੱਚੇ ਨੂੰ ਬੁਖਾਰ ਦਾ ਖ਼ਤਰਾ ਹੋਰ ਵੈਕਸੀਨਾਂ ਤੋਂ ਬਾਅਦ ਬੁਖਾਰ ਹੋਣ ਦੇ ਖ਼ਤਰੇ ਜਿੰਨਾ ਹੀ ਹੁੰਦਾ ਹੈ।

## ਮੈਨੂੰ ਕਿੰਨੀ ਪੈਰਾਸੀਟਾਮੋਲ ਦੇਣੀ ਚਾਹੀਦੀ ਹੈ?

MenB ਟੀਕਾਕਰਨ ਤੋਂ ਬਾਅਦ ਪੈਰਾਸੀਟਾਮੋਲ ਦੀਆਂ 2.5ml (60mg) ਦੀਆਂ ਕੁੱਲ 3 ਖੁਰਾਕਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਤੁਹਾਨੂੰ ਪਹਿਲੀ ਖੁਰਾਕ ਟੀਕਾਕਰਨ ਦੇ ਸਮੇਂ ਜਾਂ ਬਾਅਦ ਵਿੱਚ ਜਿੰਨੀ ਜਲਦੀ ਹੋ ਸਕੇ ਦੇਣੀ ਚਾਹੀਦੀ ਹੈ।

ਤੁਹਾਨੂੰ ਫਿਰ ਪੈਰਾਸੀਟਾਮੋਲ ਦੀ ਦੂਜੀ ਖੁਰਾਕ ਲਗਭਗ 4 ਤੋਂ 6 ਘੰਟੇ ਬਾਅਦ ਅਤੇ ਤੀਜੀ ਖੁਰਾਕ ਉਸ ਤੋਂ 4 ਤੋਂ 6 ਘੰਟੇ ਬਾਅਦ ਦੇਣੀ ਚਾਹੀਦੀ ਹੈ (ਸਾਰਣੀ ਦੇਖੋ)।

2.5ml ਖੁਰਾਕ ਨੂੰ ਮਾਪਿਆ ਜਾਣਾ ਚਾਹੀਦਾ ਹੈ ਅਤੇ ਜਾਂ ਤਾਂ ਸਰਿੰਜ ਦੀ ਵਰਤੋਂ ਕਰਕੇ ਜਾਂ 2.5ml ਦੇ ਚਮਚੇ ਨਾਲ ਦਿੱਤਾ ਜਾਣਾ ਚਾਹੀਦਾ ਹੈ (ਇਹ ਆਮ ਤੌਰ 'ਤੇ ਪੈਕ ਵਿੱਚ ਆਉਣ ਵਾਲੇ ਚਮਚੇ ਦਾ ਛੋਟਾ ਸਿਰਾ ਹੁੰਦਾ ਹੈ)।

ਸਮੇਂ ਤੋਂ ਬਹੁਤ ਪਹਿਲਾਂ (32 ਹਫ਼ਤਿਆਂ ਦੇ ਗਰਭ ਤੋਂ ਪਹਿਲਾਂ ਪੈਦਾ ਹੋਏ) ਜਨਮੇ ਬੱਚਿਆਂ ਲਈ, ਤੁਹਾਡੇ ਡਾਕਟਰ ਦੁਆਰਾ ਟੀਕਾਕਰਨ ਦੇ ਸਮੇਂ ਬੱਚੇ ਦੇ ਭਾਰ ਦੇ ਅਨੁਸਾਰ ਪੈਰਾਸੀਟਾਮੋਲ ਤਜਵੀਜ਼ ਕੀਤੀ ਜਾਣੀ ਚਾਹੀਦੀ ਹੈ। ਤੁਹਾਨੂੰ ਆਪਣੇ ਡਾਕਟਰ ਕੋਲੋਂ ਪਤਾ ਕਰਨਾ ਚਾਹੀਦਾ ਹੈ ਅਤੇ ਨੁਸਖ਼ੇ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## ਪ੍ਰਾਇਮਰੀ MenB ਟੀਕਾਕਰਨ (ਆਮ ਤੌਰ 'ਤੇ 8 ਅਤੇ 12 ਹਫ਼ਤਿਆਂ ਦੀ ਉਮਰ ਵਿੱਚ) ਤੋਂ ਬਾਅਦ ਵਰਤੋਂ ਲਈ ਬੱਚਿਆਂ ਦੇ ਪੈਰਾਸੀਟਾਮੋਲ ਸਸਪੈਂਸ਼ਨ (120mg/5ml) ਦੀ ਖੁਰਾਕ ਅਤੇ ਸਮਾਂ

| ਬੱਚੇ ਦੀ ਉਮਰ | 6 ਮਹੀਨਿਆਂ ਤੱਕ (ਆਮ ਤੌਰ 'ਤੇ 8 ਅਤੇ 12 ਮਹੀਨਿਆਂ 'ਤੇ) |
|---|---|
| ਖੁਰਾਕ 1 | ਟੀਕਾਕਰਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਇੱਕ 2.5ml (60mg) ਖੁਰਾਕ |
| ਖੁਰਾਕ 2 | ਪਹਿਲੀ ਖੁਰਾਕ ਤੋਂ 4 ਤੋਂ 6 ਘੰਟੇ ਬਾਅਦ ਇੱਕ 2.5ml (60mg) ਖੁਰਾਕ |
| ਖੁਰਾਕ 3 | ਇੱਕ 2.5ml (60mg) ਖੁਰਾਕ ਦੂਜੀ ਖੁਰਾਕ ਤੋਂ 4 ਤੋਂ 6 ਘੰਟੇ ਬਾਅਦ |

**ਇਸ ਲੀਫ਼ਲੈਟ ਵਿੱਚ ਦਿੱਤੀ ਸਲਾਹ ਤਾਂ ਹੀ ਲਾਗੂ ਹੁੰਦੀ ਹੈ ਜੇਕਰ ਤੁਹਾਡੇ ਬੱਚੇ ਨੂੰ MenB ਵੈਕਸੀਨ ਲੱਗ ਗਈ ਹੋਵੇ। ਜੇਕਰ ਤੁਹਾਡੇ ਬੱਚੇ ਨੂੰ ਕਿਸੇ ਹੋਰ ਸਮੇਂ ਬੁਖਾਰ ਹੁੰਦਾ ਹੈ ਤਾਂ ਤੁਹਾਨੂੰ ਉਤਪਾਦ ਪੈਕਜਿੰਗ ਅਤੇ ਰੋਗੀ ਜਾਣਕਾਰੀ ਲੀਫਲੈਟ 'ਤੇ ਦਿੱਤੇ ਨਿਰਦੇਸ਼ਾਂ ਅਤੇ ਖੁਰਾਕ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ।**

### ਜੇ ਮੇਰੇ ਬੱਚੇ ਨੂੰ ਪੈਰਾਸੀਟਾਮੋਲ ਦੀਆਂ 3 ਖੁਰਾਕਾਂ ਲੈਣ ਤੋਂ ਬਾਅਦ ਵੀ ਬੁਖਾਰ ਹੈ ਤਾਂ ਕੀ ਹੋਵੇਗਾ?

ਪੈਰਾਸੀਟਾਮੋਲ ਦੀਆਂ 3 ਖੁਰਾਕਾਂ ਲੈਣ ਤੋਂ ਬਾਅਦ ਵੀ ਕੁਝ ਬੱਚਿਆਂ ਨੂੰ ਟੀਕਾਕਰਨ ਤੋਂ ਬਾਅਦ ਵੀ ਬੁਖਾਰ ਹੋ ਸਕਦਾ ਹੈ। ਟੀਕਾਕਰਨ ਤੋਂ ਬਾਅਦ 48 ਘੰਟਿਆਂ ਵਿੱਚ, ਜੇਕਰ ਤੁਹਾਡੇ ਬੱਚੇ ਨੂੰ ਅਜੇ ਵੀ ਬੁਖਾਰ ਹੈ ਪਰ ਵੈਸੇ ਉਹ ਠੀਕ ਹੈ, ਤਾਂ ਤੁਸੀਂ ਆਪਣੇ ਬੱਚੇ ਨੂੰ ਉਹੀ 2.5ml ਖੁਰਾਕ (60mg) ਇਨਫੈਂਟ ਪੈਰਾਸੀਟਾਮੋਲ (120mg/5ml) ਸਸਪੈਂਸ਼ਨ ਦੇਣਾ ਜਾਰੀ ਰੱਖ ਸਕਦੇ ਹੋ।

- **ਤੁਹਾਨੂੰ ਖੁਰਾਕਾਂ ਦੇ ਵਿਚਕਾਰ ਹਮੇਸ਼ਾ ਘੱਟੋ ਘੱਟ 4 ਘੰਟੇ ਦਾ ਅੰਤਰਾਲ ਪਾਉਣਾ ਚਾਹੀਦਾ ਹੈ ਅਤੇ ਕਦੇ ਵੀ 24 ਘੰਟਿਆਂ ਦੀ ਮਿਆਦ ਵਿੱਚ 4 ਤੋਂ ਵੱਧ ਖੁਰਾਕਾਂ ਨਹੀ ਦੇਣੀਆਂ ਚਾਹੀਦੀਆਂ।**

ਤੁਹਾਨੂੰ ਇਹ ਯਕੀਨੀ ਬਣਾ ਕੇ ਆਪਣੇ ਬੱਚੇ ਨੂੰ ਠੰਡਾ ਰੱਖਣਾ ਚਾਹੀਦਾ ਹੈ ਕਿ ਉਹ ਬਹੁਤ ਸਾਰੇ ਕੱਪੜਿਆਂ ਜਾਂ ਕੰਬਲਾਂ ਵਿੱਚ ਢੱਕਿਆ ਨਾ ਹੋਏ, ਅਤੇ ਉਹਨਾਂ ਨੂੰ ਬਹੁਤ ਸਾਰੇ ਤਰਲ ਪਦਾਰਥ ਦਿਓ। ਜੇਕਰ ਤੁਹਾਡੇ ਬੱਚੇ ਨੂੰ ਛਾਤੀਆਂ ਦਾ ਦੁੱਧ ਪਿਲਾਇਆ ਜਾਂਦਾ ਹੈ, ਤਾਂ ਦੇਣ ਲਈ ਸਭ ਤੋਂ ਵਧੀਆ ਤਰਲ ਮਾਂ ਦਾ ਦੁੱਧ ਹੈ।

- **ਜੇਕਰ ਤੁਸੀਂ ਕਿਸੇ ਵੀ ਸਮੇਂ ਆਪਣੇ ਬੱਚੇ ਦੀ ਸਿਹਤ ਬਾਰੇ ਚਿੰਤਤ ਹੋਵੋ, ਤਾਂ ਆਪਣੀ ਸਿਆਣਪ 'ਤੇ ਭਰੋਸਾ ਕਰੋ ਅਤੇ ਸਲਾਹ ਲਈ ਆਪਣੇ ਜਨਰਲ ਪਰੈਕਟੀਸ਼ਨਰ (GP) ਨਾਲ ਗੱਲ ਕਰੋ ਜਾਂ ਇੰਗਲੈਂਡ ਵਿੱਚ NHS 111 ਅਤੇ ਵੇਲਜ਼ ਵਿੱਚ 0845 46 47 'ਤੇ ਕਾੱਲ ਕਰੋ।**
- **ਜੇਕਰ ਤੁਹਾਡੇ ਬੱਚੇ ਨੂੰ ਟੀਕਾਕਰਨ ਤੋਂ 48 ਘੰਟਿਆਂ ਬਾਅਦ ਵੀ ਬੁਖਾਰ ਹੈ ਤਾਂ ਤੁਹਾਨੂੰ ਸਲਾਹ ਲਈ ਆਪਣੇ GP ਨਾਲ ਗੱਲ ਕਰਨੀ ਚਾਹੀਦੀ ਹੈ ਜਾਂ ਇੰਗਲੈਂਡ ਵਿੱਚ NHS 111 ਅਤੇ ਵੇਲਜ਼ ਵਿੱਚ 0845 46 47 'ਤੇ ਕਾੱਲ ਕਰਨੀ ਚਾਹੀਦੀ ਹੈ।**

## ਹੋਰ ਆਮ ਸਵਾਲ:

### ਕੀ ਮੈਨੂੰ ਆਪਣੇ ਬੱਚੇ ਨੂੰ ਪੈਰਾਸੀਟਾਮੋਲ ਦੇਣ ਲਈ ਜਗਾਉਣਾ ਚਾਹੀਦਾ ਹੈ?

ਤੁਹਾਨੂੰ ਹਮੇਸ਼ਾ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ MenB ਵੈਕਸੀਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਪੈਰਾਸੀਟਾਮੋਲ ਦੀ ਪਹਿਲੀ ਖੁਰਾਕ ਦੇਣੀ ਚਾਹੀਦੀ ਹੈ। ਹਾਲਾਂਕਿ ਜੇਕਰ ਅਗਲੀਆਂ ਖੁਰਾਕਾਂ ਦੇਣ ਸਮੇਂ ਤੁਹਾਡਾ ਬੱਚਾ ਸੌਂ ਰਿਹਾ ਹੈ, ਤਾਂ ਉਸ ਨੂੰ ਜਗਾਓ ਨਾ। ਤੁਸੀਂ ਇਸਨੂੰ ਉਦੋਂ ਦੇ ਸਕਦੇ ਹੋ ਜਦੋਂ ਬੱਚਾ ਅਗਲੀ ਵਾਰ ਜਾਗਦਾ ਹੈ, ਜਦੋਂ ਤੱਕ ਕਿ ਹਰੇਕ ਖੁਰਾਕ ਦੇ ਵਿਚਕਾਰ ਘੱਟੋ-ਘੱਟ 4 ਘੰਟੇ ਦਾ ਸਮਾਂ ਹੋਵੇ।

### ਕੀ ਛੋਟੇ ਬੱਚਿਆਂ ਲਈ ਪੈਰਾਸੀਟਾਮੋਲ ਲੈਣਾ ਠੀਕ ਹੈ?

ਪੈਰਾਸੀਟਾਮੋਲ ਨੂੰ 2 ਮਹੀਨਿਆਂ ਦੀ ਉਮਰ ਤੋਂ ਸ਼ੁਰੂ ਕਰਦਿਆਂ ਬੱਚਿਆਂ ਵਿੱਚ ਬੁਖਾਰ ਦੇ ਪ੍ਰਬੰਧਨ ਲਈ ਮਨਜ਼ੂਰੀ ਦਿੱਤੀ ਗਈ ਹੈ। ਪੈਕ ਦੇ ਨਾਲ ਆਉਣ ਵਾਲੇ ਰੋਗੀ ਜਾਣਕਾਰੀ ਲੀਫਲੈਟ ਵਿੱਚ ਕਿਹਾ ਜਾ ਸਕਦਾ ਹੈ ਕਿ 2 ਤੋਂ 3 ਮਹੀਨਿਆਂ ਦੀ ਉਮਰ ਦੇ ਬੱਚਿਆਂ ਨੂੰ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰਨ ਤੋਂ ਪਹਿਲਾਂ ਸਿਰਫ 2 ਖੁਰਾਕਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਹਾਲਾਂਕਿ ਪੈਰਾਸੀਟਾਮੋਲ ਬਹੁਤ ਛੋਟੇ ਬੱਚਿਆਂ ਵਿੱਚ ਸੁਰੱਖਿਅਤ ਹੈ, ਪਰ ਪੈਕੇਜਿੰਗ 'ਤੇ ਸਲਾਹ ਦਿੱਤੀ ਗਈ ਹੈ ਤਾਂ ਜੋ ਮਾਪੇ ਕਿਸੇ ਅਣਜਾਣ ਬੁਖਾਰ ਵਾਲੇ ਬੱਚੇ ਨੂੰ ਪੈਰਾਸੀਟਾਮੋਲ ਦੇਣ ਤੋਂ ਬਚਣ। ਅਜਿਹਾ ਬੁਖਾਰ ਇੱਕ ਗੰਭੀਰ ਸੰਕਰਮਣ ਦਾ ਸੰਕੇਤ ਹੋ ਸਕਦਾ ਹੈ ਅਤੇ ਇਸਦਾ ਲੰਬੇ ਸਮੇਂ ਤੱਕ ਇਲਾਜ ਕਰਨ ਨਾਲ ਮਾਤਾ ਜਾਂ ਪਿਤਾ ਨੂੰ ਡਾਕਟਰੀ ਸਹਾਇਤਾ ਲੈਣ ਵਿੱਚ ਦੇਰੀ ਹੋ ਸਕਦੀ ਹੈ।

ਜਿਵੇਂ ਕਿ ਟੀਕਾਕਰਨ ਤੋਂ ਬਾਅਦ ਬੁਖਾਰ ਹੋਣਾ ਆਮ ਗੱਲ ਹੈ, ਹਾਲਾਂਕਿ, ਮਾਹਰਾਂ ਨੇ ਸਲਾਹ ਦਿੱਤੀ ਹੈ ਕਿ ਡਾਕਟਰੀ ਸਲਾਹ ਲਏ ਬਿਨਾਂ MenB ਵੈਕਸੀਨ ਤੋਂ ਬਾਅਦ 48 ਘੰਟਿਆਂ ਤੱਕ ਪੈਰਾਸੀਟਾਮੋਲ ਦੇਣਾ ਠੀਕ ਹੈ।

ਇਸ ਸਮੇਂ ਦੌਰਾਨ ਕਿਸੇ ਲਾਗ ਦੇ ਮੁਕਾਬਲੇ ਟੀਕੇ ਕਾਰਨ ਬੁਖਾਰ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਪੈਰਾਸੀਟਾਮੋਲ ਤੁਹਾਡੇ ਬੱਚੇ ਨੂੰ ਵੀ ਬਿਹਤਰ ਮਹਿਸੂਸ ਕਰਵਾਏਗੀ, ਅਤੇ ਓਵਰ-ਡੋਜ਼ ਦਾ ਕੋਈ ਜੋਖਮ ਨਹੀਂ ਹੈ ਬਸ਼ਰਤੇ ਤੁਸੀਂ ਕਿਸੇ ਵੀ 24 ਘੰਟਿਆਂ ਦੀ ਮਿਆਦ ਵਿੱਚ 4 ਵਾਰ 2.5ml ਤੋਂ ਵੱਧ ਖੁਰਾਕ ਨਾ ਦਿਓ।

### ਨਿਰਮਾਤਾ ਦੇ ਰੋਗੀ ਜਾਣਕਾਰੀ ਪਰਚੇ (PIL) ਵਿੱਚ ਵੱਖਰੀ ਜਾਣਕਾਰੀ ਕਿਉਂ ਹੁੰਦੀ ਹੈ?

ਤੁਹਾਡੇ ਦੁਆਰਾ ਖਰੀਦੀ ਗਈ ਪੈਰਾਸੀਟਾਮੋਲ ਦੀ ਸਪਲਾਈ ਵਿੱਚ ਤੁਹਾਨੂੰ ਇੱਕ ਮਰੀਜ਼ ਜਾਣਕਾਰੀ ਪਰਚਾ (PIL) ਮਿਲੇਗਾ। ਬੱਚਿਆਂ ਦੇ ਪੈਰਾਸੀਟਾਮੋਲ ਸਸਪੈਂਸ਼ਨ 120mg/5ml ਨਾਲ ਦਿੱਤਾ ਮਰੀਜ਼ ਜਾਣਕਾਰੀ ਪਰਚਾ (PIL), MenB ਟੀਕਾਕਰਨ ਤੋਂ ਬਾਅਦ ਵਰਤੋਂ ਲਈ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਵੱਖ-ਵੱਖ ਖੁਰਾਕਾਂ ਸੰਬੰਧੀ ਨਿਰਦੇਸ਼ ਪ੍ਰਦਾਨ ਕਰ ਸਕਦਾ ਹੈ। ਇੱਥੇ, ਇਸ ਪਰਚੇ ਵਿੱਚ, ਅਸੀਂ MenB ਟੀਕਾਕਰਨ ਤੋਂ ਬਾਅਦ ਪੈਰਾਸੀਟਾਮੋਲ ਦੀ ਵਰਤੋਂ ਲਈ ਖਾਸ ਸਿਫ਼ਾਰਸ਼ਾਂ ਦਾ ਵੇਰਵਾ ਦਿੰਦੇ ਹਾਂ। ਪੈਰਾਸੀਟਾਮੋਲ ਉਤਪਾਦ ਬਾਰੇ ਪੂਰੀ ਜਾਣਕਾਰੀ ਲਈ, ਕਿਰਪਾ ਕਰਕੇ ਨਿਰਮਾਤਾ ਦਾ ਮਰੀਜ਼ ਜਾਣਕਾਰੀ ਪਰਚਾ (PIL) ਵੇਖੋ।

### ਕੀ ਮੇਰੇ ਬੱਚੇ ਨੂੰ 12 ਮਹੀਨਿਆਂ 'ਤੇ ਲੱਗਣ ਵਾਲੇ ਬੂਸਟਰ ਟੀਕਾਕਰਨਾਂ ਦੇ ਨਾਲ ਪੈਰਾਸੀਟਾਮੋਲ ਦੀ ਲੋੜ ਹੈ?

12 ਮਹੀਨਿਆਂ ਦੀ ਉਮਰ ਤੱਕ ਤੁਹਾਡੇ ਬੱਚੇ ਨੂੰ MenB ਵੈਕਸੀਨ ਤੋਂ ਬਾਅਦ ਬੁਖਾਰ ਹੋਣ ਦਾ ਖਤਰਾ ਬਾਕੀ ਟੀਕਿਆਂ ਵਾਂਗ ਹੀ ਹੁੰਦਾ ਹੈ। ਇਸ ਲਈ, ਤੁਹਾਡੇ ਬੱਚੇ ਨੂੰ 12 ਮਹੀਨਿਆਂ ਦੇ ਰੁਟੀਨ ਟੀਕਾਕਰਨਾਂ ਦੇ ਨਾਲ ਪੈਰਾਸੀਟਾਮੋਲ ਦੀਆਂ 3 ਖੁਰਾਕਾਂ ਲੈਣ ਦੀ ਲੋੜ ਨਹੀਂ ਹੈ। ਹਾਲਾਂਕਿ, ਜੇਕਰ ਤੁਹਾਡੇ ਬੱਚੇ ਨੂੰ ਘਰ ਵਿੱਚ ਬੁਖਾਰ ਆਉਂਦਾ ਹੈ ਜਾਂ ਬੇਅਰਾਮੀ ਵਿੱਚ ਜਾਪਦਾ ਹੈ, ਤਾਂ ਤੁਸੀਂ ਪੈਕੇਟ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਉਸ ਉਮਰ ਦੇ ਬੱਚੇ ਲਈ ਖੁਰਾਕ ਅਨੁਸੂਚੀ ਦੀ ਵਰਤੋਂ ਕਰਕੇ ਆਪਣੇ ਬੱਚੇ ਨੂੰ ਪੈਰਾਸੀਟਾਮੋਲ ਦੇ ਸਕਦੇ ਹੋ।

**2 ਤੋਂ 3 ਮਹੀਨੇ ਦੀ ਉਮਰ ਦੇ ਬੱਚਿਆਂ ਨੂੰ ਪੈਰਾਸੀਟਾਮੋਲ ਦੀਆਂ 2 ਤੋਂ ਵੱਧ ਖੁਰਾਕਾਂ ਦੇਣ ਦੀ ਸਲਾਹ, ਬੱਚੇ ਨੂੰ MenB ਵੈਕਸੀਨ ਲਗਵਾਉਣ ਤੋਂ ਬਾਅਦ ਹੀ ਲਾਗੂ ਹੁੰਦੀ ਹੈ। ਜੇਕਰ ਤੁਹਾਡੇ ਬੱਚੇ ਨੂੰ ਕਿਸੇ ਹੋਰ ਸਮੇਂ ਬੁਖਾਰ ਹੁੰਦਾ ਹੈ ਤਾਂ ਤੁਹਾਨੂੰ ਉਤਪਾਦ ਪੈਕਜਿੰਗ ਅਤੇ ਰੋਗੀ ਜਾਣਕਾਰੀ ਲੀਫਲੈਟ 'ਤੇ ਦਿੱਤੇ ਨਿਰਦੇਸ਼ਾਂ ਅਤੇ ਖੁਰਾਕ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ।**

NHS

**www.nhs.uk/vaccinations**

© Crown copyright 2025. Version 4. UK Health Security gateway number: 2025-152. Product code: 3083756PAN Panjabi. 50K SEP 2025 (APS)
To order more copies of this asset, please visit: **www.healthpublications.gov.uk** or call 0300 123 1002.